ਹਰ ਵਿਦਿਆਰਥੀ ਤਕ ਪਹੁੰਚ

Ontario

# ਦਾਦਾਗਿਰੀ

## ਇਸ ਨੂੰ ਰੋਕਣ ਵਿੱਚ ਅਸੀਂ ਸਾਰੇ ਹੀ ਮਦਦ ਕਰ ਸਕਦੇ ਹਾਂ



ਐਲੀਮੈਂਟਰੀ ਅਤੇ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਦੇ
**ਮਾਪਿਆਂ ਲਈ ਇੱਕ ਗਾਈਡ**

2011 ਦੀ ਬਸੰਤ ਵਿੱਚ ਸੋਧਿਆ ਗਿਆ

ਦਾਦਾਗਿਰੀ ਦੇ ਅਸਰ ਸਕੂਲ ਦੀ ਹੱਦ ਤੋਂ ਅੱਗੇ ਤਕ ਜਾਂਦੇ ਹਨ। ਇੱਕ ਮਾਂ-ਬਾਪ ਦੇ ਤੌਰ ਤੇ ਤੁਹਾਨੂੰ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ, ਤੁਸੀਂ ਕੀ ਕਰ ਸਕਦੇ ਹੋ, ਅਤੇ ਮਦਦ ਤੁਹਾਨੂੰ ਕਿੱਥੋਂ ਮਿਲ ਸਕਦੀ ਹੈ, ਇਹ ਗੱਲਾਂ ਇੱਥੇ ਦੱਸੀਆਂ ਜਾ ਰਹੀਆਂ ਹਨ।

---

## ਦਾਦਾਗਿਰੀ ਕੀ ਹੁੰਦੀ ਹੈ?

Ministry of Education (ਸਿੱਖਿਆ ਮਹਿਕਮਾ) ਦਾਦਾਗਿਰੀ ਦੇ ਰਸਮੀ ਮਾਇਨੇ ਇੰਝ ਬਿਆਨ ਕਰਦਾ ਹੈ:
ਮਿਸਾਲੀਆ ਤੌਰ ’ਤੇ ਦਾਦਾਗਿਰੀ ਕਿਸੇ ਵਿਅਕਤੀ ਜਾਂ ਵਿਅਕਤੀਆਂ ’ਤੇ ਸੇਧਿਆ ਹੋਇਆ ਵਾਰ-ਵਾਰ, ਡਟ ਕੇ ਕੀਤਾ ਜਾਣ ਵਾਲਾ ਝਗੜਾਲੂ ਵਤੀਰਾ ਹੁੰਦਾ ਹੈ ਜਿਸ ਦਾ ਮਕਸਦ ਡਰਾਉਣਾ (ਜਾਂ ਜਿਸ ਦਾ ਪਤਾ ਹੋਵੇ ਕਿ ਇਸ ਨਾਲ ਡਰ ਪੈਦਾ ਹੋਵੇਗਾ), ਅਤੇ ਦੂਜੇ ਵਿਅਕਤੀ ਦੇ ਜਿਸਮ, ਜਜ਼ਬਾਤ, ਸਵੈ-ਮਾਣ ਜਾਂ ਵੱਕਾਰ ਨੂੰ ਤਕਲੀਫ਼ ਅਤੇ/ਜਾਂ ਨੁਕਸਾਨ ਪਹੁੰਚਾਉਣਾ ਹੋਵੇ। ਦਾਦਾਗਿਰੀ ਕਿਸੇ ਅਜਿਹੇ ਸੰਦਰਭ ਵਿੱਚ ਹੁੰਦੀ ਹੈ ਜਿੱਥੇ ਤਾਕਤ ਦੀ ਹਕੀਕੀ ਜਾਂ ਖਿਆਲੀ ਨਾਬਰਾਬਰੀ ਹੋਵੇ।

Ministry of Education (ਸਿੱਖਿਆ ਮਹਿਕਮੇ) ਦੇ ਪਾਲਿਸੀ/ਪ੍ਰੋਗਰਾਮ
ਮੈਮੋਰੈਂਡਮ 144 ਵਿੱਚੋਂ ਦਾਦਾਗਿਰੀ ਦੀ ਪ੍ਰੀਭਾਸ਼ਾ

## ਦਾਦਾਗਿਰੀ ਬਾਰੇ ਸਕੂਲ ਕੀ ਕਰ ਰਹੇ ਹਨ?

ਜਿਹੜੇ ਵਿਦਿਆਰਥੀ ਦੂਜਿਆਂ ’ਤੇ ਦਾਦਾਗਿਰੀ ਕਰਦੇ ਹਨ, ਚਾਹੇ ਨਿਜੀ ਤੌਰ ’ਤੇ ਹੋਵੇ ਚਾਹੇ ਆਨਲਾਈਨ, ਉਨ੍ਹਾਂ ਨੂੰ ਵੱਖੋ-ਵੱਖਰੇ ਨਤੀਜੇ ਭੁਗਤਣੇ ਪੈ ਸਕਦੇ ਹਨ।

ਓਨਟੇਰੀਓ ਦੀ ਅਨੁਸ਼ਾਸਨ ਬਾਰੇ ਖੁੱਲ੍ਹੀ ਤਹਿਤ ਪ੍ਰਿੰਸੀਪਲ ਅਜਿਹੇ ਵਰਤਾਰੇ ਨਾਲ ਨਿਪਟਣ ਲਈ ਮੌਜੂਦ ਅਨੇਕਾਂ ਬਦਲਾਂ ਵਿੱਚੋਂ ਕੋਈ ਵੀ ਚੁਣ ਸਕਦਾ ਹੈ ਅਤੇ ਵਿਦਿਆਰਥੀ ਨੂੰ ਆਪਣੇ ਕੀਤੇ ਦੇ ਨਤੀਜੇ ਸਮਝਣ ਵਿੱਚ ਮਦਦ ਦੇ ਸਕਦਾ ਹੈ। ਉਦਾਹਰਣਾਂ ਵਿੱਚ ਦਿਲ ਦੁਖਾਉਣ ਵਾਲੀ ਜਾਂ ਬੇਅਦਬੀ-ਭਰੀ ਗੱਲ ਕਹਿਣ ਬਦਲੇ ਮੁਆਫ਼ੀ ਮੰਗਣਾ, ਵਿਦਿਆਰਥੀ ਤੋਂ ਕੀਤੀਆਂ ਜਾਂਦੀਆਂ ਉਮੀਦਾਂ ’ਤੇ ਮੁੜ ਨਿਗਾਹ ਮਾਰਨਾ, ਜਾਂ ਮਾਪਿਆਂ ਨਾਲ ਮੁਲਾਕਾਤ ਕਰਨਾ ਸ਼ਾਮਲ ਹੈ। ਵਿਦਿਆਰਥੀ ਸਕੂਲੋਂ ਮੁਅੱਤਲ ਵੀ ਕੀਤੇ ਜਾ ਸਕਦੇ ਹਨ। ਇਹ ਨਿਯਮ ਐਲੀਮੈਂਟਰੀ ਅਤੇ ਸੈਕੰਡਰੀ, ਦੋਵੇਂ ਤਰ੍ਹਾਂ ਦੇ ਵਿਦਿਆਰਥੀਆਂ ਉੱਤੇ ਲਾਗੂ ਹੁੰਦੇ ਹਨ।

ਅਗਾਂਹਵਧੂ ਅਨੁਸ਼ਾਸਨ ਸਕੂਲ ਅਤੇ ਸਕੂਲ ਨਾਲ ਸੰਬੰਧਤ ਗਤੀਵਿਧੀਆਂ ਦੌਰਾਨ ਵਿਦਿਆਰਥੀਆਂ ਵਿੱਚ ਉਸਾਰੂ ਰਵੱਈਆ ਵਧਾ ਕੇ ਅਤੇ ਅਣਸੁਰੱਖਿਅਤ ਜਾਂ ਅਣਉਚਿਤ ਵਤੀਰਿਆਂ ਨੂੰ ਰੋਕ ਕੇ, ਨਾਮੁਨਾਸਬ ਵਤੀਰੇ ਵਿੱਚ ਤੇਜ਼ੀ ਆਉਣ ਤੋਂ ਰੋਕਣ ਵਿੱਚ ਮਦਦ ਕਰਦਾ ਹੈ।

# ਦਾਦਾਗਿਰੀ
# ਇਸ ਨੂੰ ਰੋਕਣ ਵਿੱਚ ਅਸੀਂ ਸਾਰੇ ਹੀ ਮਦਦ ਕਰ ਸਕਦੇ ਹਾਂ।

## ਮੈਂ ਕਿਵੇਂ ਦੱਸ ਸਕਦਾ ਹਾਂ ਕਿ ਮੇਰੇ ਬੱਚੇ ਜਾਂ ਟੀਨੇਜਰ ਨਾਲ ਕੋਈ ਦਾਦਾਗਿਰੀ ਕਰ ਰਿਹਾ ਹੈ?

ਹੋ ਸਕਦਾ ਹੈ ਕਿਸੇ ਛੋਟੇ ਬੱਚੇ ਨੂੰ "ਦਾਦਾ" ਜਾਂ "ਧੱਕੇਸ਼ਾਹ" (bully) ਲਫਜ਼ ਦਾ ਪਤਾ ਨਾ ਹੋਵੇ, ਪਰ ਇਹ ਉਸ ਨੂੰ ਪਤਾ ਲੱਗ ਜਾਂਦਾ ਹੈ ਜਦੋਂ ਕੋਈ ਉਸ ਪ੍ਰਤੀ ਖੁਦਗਰਜ਼, ਦੁਖਦਾਈ, ਜਾਂ ਉਸ ਨੂੰ ਉਦਾਸ ਕਰਨ ਵਾਲਾ ਜਾਂ ਡਰਾਉਣ ਵਾਲਾ ਹੋਵੇ। ਤੁਹਾਡਾ ਬੱਚਾ ਭਾਵੇਂ ਬੋਲ ਕੇ ਇਹ ਗੱਲ ਨਾ ਦੱਸੇ, ਪਰ ਇਸ ਤਰ੍ਹਾਂ ਦੀਆਂ ਨਿਸ਼ਾਨੀਆਂ ਹੋਣਗੀਆਂ ਜਿਨ੍ਹਾਂ ਤੋਂ ਪਤਾ ਲੱਗ ਜਾਵੇਗਾ ਕਿ ਤੁਹਾਡੇ ਬੱਚੇ ਨਾਲ ਦਾਦਾਗਿਰੀ ਹੋ ਰਹੀ ਹੈ। ਉਹ ਹੋ ਸਕਦਾ ਹੈ ਕਿ ਇਸ ਗੱਲ ਦੇ ਫਿਕਰ ਕਰ ਕੇ ਉਹ ਤੁਹਾਨੂੰ ਨਾ ਦੱਸੇ ਹੈ ਕਿ "ਸ਼ਿਕਾਇਤ ਲਗਾਉਣ" ਜਾਂ "ਗੱਦਾਰੀ" ਕਰਨ ਨਾਲ ਗੱਲ ਵਿਗੜ ਸਕਦੀ ਹੈ।

ਜ਼ਰੂਰੀ ਨਹੀਂ ਕਿ ਤੁਹਾਡਾ ਟੀਨੇਜਰ ਵੀ ਤੁਹਾਨੂੰ ਦੱਸੇ ਕਿ ਉਸ ਨੂੰ ਕੋਈ ਸਮੱਸਿਆ ਪੇਸ਼ ਹੈ ਅਤੇ "ਦਾਦਾਗਿਰੀ" ਲਈ ਹੋ ਸਕਦਾ ਹੈ ਉਹ "ਤੰਗ ਕਰਨਾ" ਵਰਗੇ ਲਫਜ਼ ਵਰਤੇ। ਟੀਨੇਜਰ ਅਕਸਰ ਕੋਸ਼ਿਸ਼ ਕਰਦੇ ਹਨ ਕਿ ਮਾਮਲੇ ਖ਼ੁਦ ਹੀ ਸੁਲਝਾ ਲੈਣ – ਹੋ ਸਕਦਾ ਹੈ ਉਹ ਸੋਚਣ ਕਿ ਤੁਸੀਂ ਪ੍ਰੇਸ਼ਾਨ ਹੋ ਜਾਵੋਂਗੇ ਜਾਂ ਉਹ ਖੁਦ ਇਸ ਗੱਲ ਦੀ ਸ਼ਰਮ ਮਹਿਸੂਸ ਕਰਨ ਕਿ ਉਨ੍ਹਾਂ ਨੇ ਕਿਸੇ ਮਾਪੇ ਨੂੰ ਮਾਮਲੇ ਵਿੱਚ ਪਾਇਆ ਹੋਇਆ ਹੈ।

ਇਸ ਤਰ੍ਹਾਂ ਦੀਆਂ ਨਿਸ਼ਾਨੀਆਂ ਹੋਣਗੀਆਂ ਜਿਨ੍ਹਾਂ ਤੋਂ ਪਤਾ ਲੱਗੇ ਕਿ ਤੁਹਾਡੇ ਬੱਚੇ ਨਾਲ ਦਾਦਾਗਿਰੀ ਹੋ ਰਹੀ ਹੈ ਭਾਵੇਂ ਕਿ ਉਸ ਬਾਰੇ ਗੱਲ ਨਾ ਵੀ ਕਰੇ। ਦੱਸੇ ਜਾਣ ਦਾ ਇੰਤਜ਼ਾਰ ਨਾ ਕਰੋ, ਤੁਸੀਂ ਅਲਾਮਤਾਂ ਵੇਖ ਸਕਦੇ ਹੋ ਕਿ ਤੁਹਾਡੇ ਬੱਚੇ ਨਾਲ ਦਾਦਾਗਿਰੀ ਹੋ ਰਹੀ ਹੈ – ਜਿਵੇਂ ਕਿ ਵਰਤਾਰੇ, ਸੁਭਾਅ, ਜਾਂ ਦਿੱਖ ਵਿੱਚ ਤਬਦੀਲੀ ਆਉਣਾ।

ਜਿਨ੍ਹਾਂ ਬੱਚਿਆਂ ਨਾਲ ਧੱਕਾ ਹੋ ਰਿਹਾ ਹੋਵੇ, ਉਹ ਹੋ ਸਕਦਾ ਹੈ ਸਕੂਲ ਨਾ ਜਾਣਾ ਚਾਹੁਣ, ਜਾਂ ਸਕੂਲ ਲੱਗਣ ਵਾਲੇ ਦਿਨਾਂ ਦੌਰਾਨ ਰੋਣ ਲੱਗ ਸਕਦੇ ਹਨ, ਜਾਂ ਬਿਮਾਰ ਮਹਿਸੂਸ ਕਰ ਸਕਦੇ ਹਨ। ਹੋ ਸਕਦਾ ਹੈ ਕਿ ਉਹ ਹੋਰ ਵਿਦਿਆਰਥੀਆਂ ਨਾਲ ਮਿਲ ਕੇ ਸਰਗਰਮੀਆਂ ਜਾਂ ਸਮਾਜਿਕ ਸਮਾਗਮਾਂ ਵਿੱਚ ਹਿੱਸਾ ਨਾ ਲੈਣਾ ਚਾਹੁਣ। ਅਚਾਨਕ ਹੀ ਉਨ੍ਹਾਂ ਦੇ ਪੈਸੇ ਜਾਂ ਨਿਜੀ ਚੀਜ਼ਾਂ ਗਵਾਚਣੀਆਂ ਸ਼ੁਰੂ ਹੋ ਸਕਦੀਆ ਹਨ। ਉਹ ਪਾਟੇ ਕੱਪੜਿਆਂ ਨਾਲ ਜਾਂ ਟੁੱਟੀਆਂ ਹੋਈਆਂ ਚੀਜ਼ਾਂ ਨਾਲ ਘਰ ਆ ਸਕਦੇ ਹਨ, ਅਤੇ ਅਜਿਹੀਆਂ ਸਫਾਈਆਂ ਪੇਸ਼ ਕਰ ਸਕਦੇ ਹਨ ਜਿਨ੍ਹਾਂ ਦੀ ਕੋਈ ਤੁਕ ਨਾ ਬਣੇ।

ਜਿਨ੍ਹਾਂ ਟੀਨੇਜਰਾਂ ਨਾਲ ਦਾਦਾਗਿਰੀ ਹੁੰਦੀ ਹੋਵੇ, ਉਹ ਸਕੂਲ ਛੱਡ ਦੇਣ ਦੀਆਂ ਗੱਲਾਂ ਕਰਨੀਆਂ ਵੀ ਸ਼ੁਰੂ ਕਰ ਸਕਦੇ ਹਨ, ਅਤੇ ਅਜਿਹੀਆਂ ਸਰਗਰਮੀਆਂ ਤੋਂ ਪਾਸਾ ਵੱਟਣ ਲੱਗ ਸਕਦੇ ਹਨ ਜਿਨ੍ਹਾਂ ਵਿੱਚ ਹੋਰ ਵਿਦਿਆਰਥੀ ਸ਼ਾਮਲ ਹੋਣ।



"ਮੇਰੇ ਤੋਂ ਪਰ੍ਹਾਂ ਰਹਿ। ਲਾਗੇ ਨਾ ਲੱਗੀਂ।"

## ਜੇ ਮੇਰੇ ਬੱਚੇ ਦੇ ਜਿਸਮ 'ਤੇ ਕੋਈ ਸੱਟ ਨਾ ਵੀ ਹੋਵੇ, ਕੀ ਤਾਂ ਵੀ ਇਹ ਦਾਦਾਗਿਰੀ ਮੰਨੀ ਜਾਂਦੀ ਹੈ?

ਦਾਦਾਗਿਰੀ ਦੇ ਕਈ ਰੂਪ ਹੋ ਸਕਦੇ ਹਨ। ਜਿਵੇਂ:

- **ਸਰੀਰਕ** – ਮਾਰ-ਕੁਟਾਈ, ਧੱਕਾ ਮਾਰਨ, ਚੋਰੀ ਕਰਨਾ, ਜਾਂ ਕੋਈ ਸਮਾਨ ਤੋੜ ਦੇਣਾ
- **ਜ਼ੁਬਾਨੀ** – ਉਲਾਂਭੇ ਦੇਣਾ, ਮਜ਼ਾਕ ਉਡਾਉਣਾ, ਜਾਂ ਅਜਿਹੀਆਂ ਟਿੱਪਣੀਆਂ ਕਰਨ ਜਿਹੜੀਆਂ ਲਿੰਗ-ਵਰਗ ਨਾਲ ਸੰਬੰਧਤ ਹੋਣ, ਨਸਲੀ ਹੋਣ, ਜਾਂ ਸਮਲਿੰਗੀਆਂ ਤੋਂ ਬੇਵਜ੍ਹਾ ਖ਼ੌਫ਼ ਵਾਲੀਆਂ ਹੋਣ
- **ਸਮਾਜਿਕ** – ਕਿਸੇ ਗਰੁੱਪ ਵਿੱਚੋਂ ਕੁੱਝ ਨੂੰ ਬਾਹਰ ਕੱਢ ਦੇਣਾ, ਜਾਂ ਉਨ੍ਹਾਂ ਬਾਰੇ ਗਲਤਬਿਆਨੀ ਕਰਨੀ ਜਾਂ ਅਫ਼ਵਾਹਾਂ ਉਡਾਉਣੀਆਂ
- **ਇਲੈਕਟ੍ਰਾਨਿਕ (electronic) [ਇਸ ਨੂੰ ਆਮ ਤੌਰ ਤੇ ਸਾਈਬਰਬੁਲਿੰਗ ਕਿਹਾ *(cyberbullying)* ਜਾਂਦਾ ਹੈ]** – ਈ-ਮੇਲ, ਸੈੱਲ-ਫ਼ੋਨ, ਸ਼ੋਸ਼ਲ ਮੀਡੀਆ ਵੈੱਬਸਾਈਟਾਂ ਅਤੇ ਟੈਕਸਟਮੈਸੇਜਿੰਗ ਰਾਹੀਂ ਅਫ਼ਵਾਹਾਂ ਉਡਾਉਣੀਆਂ ਅਤੇ ਤਕਲੀਫ਼ਦੇਹ ਟਿੱਪਣੀਆਂ ਕਰਨੀਆਂ

## ਮੇਰੇ ਬੱਚੇ ਨਾਲ ਦਾਦਾਗਿਰੀ ਹੋ ਰਹੀ ਹੈ। ਮੈਂ ਕੀ ਕਰਾਂ?

- ਆਪਣੇ ਬੱਚੇ ਦੀ ਗੱਲ ਧਿਆਨ ਨਾਲ ਸੁਣੋ ਅਤੇ ਉਸ ਨੂੰ ਭਰੋਸਾ ਦਿਉ ਕਿ ਉਸ ਦਾ ਕਸੂਰ ਨਹੀਂ ਹੈ।
- ਤੱਥਾਂ ਦੀ ਤੁਹਾਨੂੰ ਸਹੀ ਸਮਝ ਹੋਣੀ ਚਾਹੀਦੀ ਹੈ। ਕੀ ਹੋਇਆ, ਕਦੋਂ ਹੋਇਆ, ਇਸ ਬਾਰੇ ਨੋਟ ਲਿਖ ਲਵੋ।
- ਆਪਣੇ ਬੱਚੇ ਦੀ ਇਹ ਸਮਝਣ ਵਿੱਚ ਮਦਦ ਕਰੋ ਕਿ "ਗੱਦਾਰੀ ਕਰਨ" ਜਾਂ "ਸ਼ਿਕਾਇਤ ਲਾਉਣ" ਵਿੱਚ, ਅਤੇ ਇਤਲਾਹ ਦੇਣ ਵਿੱਚ ਫ਼ਰਕ ਹੈ। ਇਤਲਾਹ ਦੇਣ ਲਈ ਹੌਸਲਾ ਚਾਹੀਦਾ ਹੈ। ਇਤਲਾਹ ਇਸ ਲਈ ਨਹੀਂ ਦਿੱਤੀ ਜਾਂਦੀ ਕਿ ਕਿਸੇ ਹੋਰ ਵਿਦਿਆਰਥੀ ਲਈ ਮੁਸ਼ਕਲ ਖੜ੍ਹੀ ਕੀਤੀ ਜਾਵੇ, ਬਲਕਿ ਸਾਰੇ ਵਿਦਿਆਰਥੀਆਂ ਨੂੰ ਬਚਾਉਣ ਲਈ ਕੀਤੀ ਜਾਂਦੀ ਹੈ।
- ਆਪਣੇ ਬੱਚੇ ਦੇ ਅਧਿਆਪਕ, ਕਿਸੇ ਹੋਰ ਅਧਿਆਪਕ ਜਿਸ ਤੇ ਤੁਹਾਡਾ ਬੱਚਾ ਵਿਸਵਾਸ ਕਰਦਾ ਹੋਵੇ, ਜਾਂ ਸਕੂਲ ਦੇ ਪ੍ਰਿੰਸੀਪਲ ਜਾਂ ਵਾਈਸ-ਪ੍ਰਿੰਸੀਪਲ ਨਾਲ ਗੱਲ ਕਰਨ ਲਈ ਐਪੁਆਇੰਟਮੈਂਟ ਬਣਾਉ।
- ਹੋ ਸਕਦਾ ਹੈ ਕਿ ਇਹ ਔਖਾ ਲੱਗੇ, ਪਰ ਸ਼ਾਤ ਰਹਿਣ ਦੀ ਕੋਸ਼ਿਸ਼ ਕਰੋ ਤਾਂ ਕਿ ਤੁਸੀਂ ਆਪਣੇ ਬੱਚੇ ਨੂੰ ਸਹਾਰਾ ਦੇ ਸਕੋਂ ਅਤੇ ਉਸ ਨਾਲ ਰਲ਼ ਕੇ ਕਾਰਵਾਈ ਕਰਨ ਦੀ ਕੋਈ ਵਿਉਂਤ ਉਲੀਕ ਸਕੋਂ।
- ਲੀਹ ਤੇ ਰਹੋ। ਆਪਣੇ ਬੱਚੇ ਦੇ ਵਰਤਾਰੇ ਤੇ ਅੱਖ ਰੱਖੋ। ਜੇ ਸਕੂਲ ਦੇ ਕਰਮਚਾਰੀਆਂ ਨਾਲ ਤੁਹਾਡੀਆਂ ਮੁਲਾਕਾਤਾਂ ਕਰ ਕੇ ਧੱਕੜ ਰਵੱਈਆ ਖ਼ਤਮ ਨਹੀਂ ਹੁੰਦਾ, ਦੁਬਾਰਾ ਪ੍ਰਿੰਸੀਪਲ ਨਾਲ ਗੱਲ ਕਰੋ। ਮੀਟਿੰਗ ਵਿਖੇ ਦਾਦਾਗਿਰੀ ਖਤਮ ਕਰਨ ਲਈ ਜਿਹੜੇ ਕਦਮ ਚੁੱਕੇ ਜਾਣ ਬਾਰੇ ਸਹਿਮਤੀ ਹੋਈ ਸੀ, ਉਨ੍ਹਾਂ ਦੀ ਪੈਰਵਾਈ ਰੱਖੋ।
- ਜੇ ਧੱਕਾ ਸਕੂਲ ਤੋਂ ਬਾਅਦ ਦੀਆਂ ਸਰਗਰਮੀਆਂ ਦੌਰਾਨ ਜਾਂ ਖੇਡਾਂ ਦੇ ਸਮਾਗਮਾਂ ਦੌਰਾਨ ਹੋ ਰਿਹਾ ਹੈ, ਤਾਂ ਇੰਸਟਰੱਕਟਰ ਜਾਂ ਕੋਚ ਨਾਲ ਗੱਲ ਕਰੋ।
- ਜੇ ਦਾਦਾਗਿਰੀ ਵਿੱਚ ਫੌਜਦਾਰੀ ਵਾਲਾ ਵਰਤਾਰਾ, ਜਿਵੇਂ ਕਾਮੁਕਤਾ-ਭਰਪੂਰ ਹਮਲਾ ਜਾਂ ਹਥਿਆਰ ਦੀ ਵਰਤੋਂ, ਸ਼ਾਮਲ ਹੋਵੇ, ਜਾਂ ਜੇ ਬੱਚੇ ਦੀ ਸੁਰੱਖਿਆ ਨੂੰ ਖ਼ਤਰਾ ਸਕੂਲ ਦੀ ਬਜਾਏ ਕਮਿਉਨਿਟੀ ਵਿੱਚੋਂ ਹੋਵੇ, ਤਾਂ ਪੁਲਿਸ ਨਾਲ ਸੰਪਰਕ ਕਰੋ।

## ਮੈਂ ਹਿੱਸਾ ਕਿਵੇਂ ਲਵਾਂ?

- ਦਾਦਾਗਿਰੀ ਰੋਕਣ ਅਤੇ ਮੁਦਾਖ਼ਲਤ ਬਾਰੇ ਬੋਰਡ ਦੀ ਨੀਤੀ ਅਤੇ ਦਾਦਾਗਿਰੀ ਰੋਕਣ ਅਤੇ ਮੁਦਾਖ਼ਲਤ ਬਾਰੇ ਸਕੂਲ ਦੀਆਂ ਵਿਉਂਤਾਂ ਵੇਖਣ ਲਈ ਬੇਨਤੀ ਕਰੋ।
- ਆਪਣੇ ਬੱਚੇ ਦੇ ਸਕੂਲ ਦੇ ਵਿਦਿਆਰਥੀਆਂ ਦੇ School Climate Survey (ਸਕੂਲ ਦੇ ਮਾਹੌਲ ਦੇ ਸਰਵੇਖਣ) ਦੇ ਨਤੀਜੇ ਵੇਖਣ ਦੀ ਬੇਨਤੀ ਕਰੋ। ਇਸ ਅਗਿਆਤ ਸਰਵੇਖਣ ਨਾਲ ਸਕੂਲਾਂ ਨੂੰ ਸੁਰੱਖਿਆ ਸੰਬੰਧੀ ਵਿਦਿਆਰਥੀਆਂ ਦੇ ਜਜ਼ਬਾਤਾਂ ਦਾ ਜਾਇਜ਼ਾ ਲਾਉਣ ਅਤੇ ਦਾਦਾਗਿਰੀ ਰੋਕਣ ਅਤੇ ਸੁਰੱਖਿਅਤ ਸਕੂਲ ਪ੍ਰਫੁੱਲਤ ਕਰਨ ਦੇ ਤਰੀਕਿਆਂ ਬਾਰੇ ਫੈਸਲੇ ਕਰਨ ਵਿੱਚ ਮਦਦ ਮਿਲਦੀ ਹੈ। ਸਰਵੇਖਣ ਹਰ ਦੋ ਸਾਲ ਵਿੱਚ ਇੱਕ ਵਾਰ ਲਾਜ਼ਮੀ ਹੁੰਦਾ ਹੈ।
- Safe Schools Team (ਸੁਰੱਖਿਅਤ ਸਕੂਲਾਂ ਦੀ ਟੀਮ) ਵਿੱਚ ਹਿੱਸਾ ਲੈਣ ਬਾਰੇ ਗ਼ੌਰ ਕਰੋ। ਇਹ ਟੀਮ ਸਕੂਲਾਂ ਵਿੱਚ ਸੁਰੱਖਿਆ ਲਈ ਜ਼ਿੰਮੇਦਾਰ ਹੁੰਦੀ ਹੈ ਅਤੇ ਇਸ ਵਿੱਚ ਘੱਟੋ-ਘੱਟ ਇੱਕ ਮਾਪਾ, ਅਤੇ ਇੱਕ ਸਕੂਲੀ ਕਰਮਚਾਰੀ, ਇੱਕ ਵਿਦਿਆਰਥੀ (ਜਿੱਥੇ ਮੁਨਾਸਬ ਹੋਵੇ) ਅਤੇ ਇੱਕ ਕਮਿਊਨਿਟੀ ਭਾਈਵਾਲ ਹੁੰਦੇ ਹਨ।

## ਦਾਦਾਗਿਰੀ ਨਾਲ ਸਿੱਝਣ ਵਿੱਚ ਆਪਣੇ ਬੱਚੇ ਦੀ ਮਦਦ ਮੈਂ ਕਿਵੇਂ ਕਰ ਸਕਦਾ ਹਾਂ?

ਆਪਣੇ ਬੱਚੇ ਜਾਂ ਟੀਨੇਜਰ ਦੀ ਦਾਦਾਗਿਰੀ ਨਾਲ ਸਿੱਝਣ ਵਿੱਚ ਮਦਦ ਵਾਸਤੇ ਸਕੂਲ ਨਾਲ ਮਿਲ ਕੇ ਕਾਰਵਾਈ ਕਰਨ ਨਾਲ ਤੁਸੀਂ ਖੁਦ ਇੱਕ ਮਿਸਾਲ ਕਾਇਮ ਕਰਦੇ ਹੋ।

ਭਾਵੇਂ ਉਸ ਦੀ ਉਮਰ ਕਿੰਨ੍ਹੀ ਵੀ ਹੋਵੇ, ਤੁਸੀਂ ਆਪਣੇ ਬੱਚੇ ਨੂੰ ਆਪਣੇ ਨਾਲ ਗੱਲ ਕਰਨ ਲਈ ਉਤਸ਼ਾਹਿਤ ਕਰ ਕੇ, ਅਤੇ ਹੇਠ ਲਿਖੀ ਸਲਾਹ ਦੇ ਕੇ ਮਦਦ ਕਰ ਸਕਦੇ ਹੋ:

- ਝਗੜੇ ਤੋਂ **ਟਲ਼ ਜਾਉ**।
- ਬਦਲੇ ਵਿੱਚ **ਹੱਥੋ-ਪਾਈ ਨਾ ਕਰੋ**, ਗੱਲ ਦਾ ਜਵਾਬ ਨਾ ਦਿਉ, ਜਵਾਬ ਨਾ ਦਿਉ।
- ਕਿਸੇ ਅਜਿਹੇ **ਬਾਲਗ਼ ਨੂੰ ਦੱਸੋ** ਜਿਸ ਤੇ ਤੁਸੀਂ ਭਰੋਸਾ ਕਰਦੇ ਹੋ – ਕਿਸੇ ਟੀਚਰ ਨੂੰ, ਪ੍ਰਿੰਸੀਪਲ, ਸਕੂਲ ਬੱਸ ਡਰਾਈਵਰ, ਜਾਂ ਲੰਚਰੂਮ ਸੁਪਰਵਾਈਜ਼ਰ ਨੂੰ – ਕਿ ਕੀ ਹੋਇਆ ਸੀ।
- ਆਪਣੇ ਭੈਣਾਂ-ਭਰਾਵਾਂ, ਜਾਂ ਆਪਣੇ ਦੋਸਤਾਂ ਨਾਲ **ਇਸ ਬਾਰੇ ਗੱਲ ਕਰੋ**, ਤਾਂ ਕਿ ਤੁਹਾਨੂੰ ਇਉਂ ਨਾ ਲੱਗੇ ਕਿ ਤੁਸੀਂ ਇਕੱਲੇ ਰਹਿ ਗਏ ਹੋ।
- **ਕੋਈ ਦੋਸਤ ਲੱਭੋ** ਜੋ ਅਜਿਹੀਆਂ ਥਾਵਾਂ ਤੇ ਤੁਹਾਡੇ ਨਾਲ ਰਹਿ ਸਕੇ ਜਿੱਥੇ ਤੁਸੀਂ ਸੁਰੱਖਿਅਤ ਮਹਿਸੂਸ ਨਹੀਂ ਕਰਦੇ।
- ***Kids Help Phone* (ਕਿਡਜ਼ ਹੈਲਪਲਾਈਨ)** ਨੂੰ **1-800-668-6868**, ਤੇ ਫ਼ੋਨ ਕਰੋ ਜਾਂ www.kidshelpphone.ca ਤੇ ਉਨ੍ਹਾਂ ਦੀ ਵੈੱਬਸਾਈਟ ਵੇਖੋ।



"ਮੇਰੀ ਤਬੀਅਤ ਠੀਕ ਨਹੀਂ।
ਮੈਂ ਸਕੂਲ ਨਹੀਂ ਜਾ ਸਕਣਾ।"

## ਕੀ ਇਹ ਵੀ ਹੋ ਸਕਦਾ ਹੈ ਕਿ ਮੇਰਾ ਬੱਚਾ ਹੋਰਨਾ ਨਾਲ ਧੱਕਾ ਕਰ ਰਿਹਾ ਹੋਵੇ?

ਜਿਹੜੇ ਬੱਚੇ ਦੂਜਿਆਂ ਨੂੰ ਸਰੀਰਕ ਤਾਕਤ ਨਾਲ ਦਬਕਾਉਂਦੇ ਹਨ, ਉਹ ਵੀ ਝਰੀਟਾਂ, ਰਗੜਾਂ, ਅਤੇ ਪਾਟੇ ਕੱਪੜਿਆਂ ਨਾਲ ਘਰ ਮੁੜਦੇ ਹਨ। ਉਨ੍ਹਾਂ ਕੋਲ ਅਚਾਨਕ ਹੀ ਖ਼ਰਚੇ ਲਈ ਆਮ ਨਾਲੋਂ ਜ਼ਿਆਦਾ ਪੈਸੇ ਆ ਸਕਦੇ ਹਨ, ਜਾਂ ਅਜਿਹੀਆਂ ਚੀਜ਼ਾਂ ਉਨ੍ਹਾਂ ਕੋਲ ਆ ਸਕਦੀਆਂ ਹਨ ਜਿਹੜੀਆਂ ਆਮ ਤੌਰ ਤੇ ਉਨ੍ਹਾਂ ਦੇ ਵਿੱਤ ਤੋਂ ਬਾਹਰ ਹੋਣ। ਬਾਕੀ ਵਿਦਿਆਰਥੀਆਂ ਬਾਰੇ ਗੱਲ ਕਰਨ ਲੱਗਿਆਂ ਉਹ ਬਦਮਾਸ਼ਾ ਵਾਂਗ ਬੋਲ ਸਕਦੇ ਹਨ।

ਜਿਹੜੇ ਬੱਚੇ ਦਾਦਾਗਿਰੀ ਕਰਨ ਵਾਲੇ ਹੁੰਦੇ ਹਨ, ਕਈ ਵਾਰੀ ਉਹ ਘਰੇ ਵੀ, ਅਤੇ ਸਕੂਲ ਵਿੱਚ ਵੀ ਦਾਦਾਗਿਰੀ ਕਰਦੇ ਹਨ। ਆਪਣੇ ਘਰ ਵਿੱਚ ਨਿਗਾਹ ਰੱਖੋ ਅਤੇ ਹੁੰਦੀਆਂ ਗੱਲਾਂ ਵੱਲ ਕੰਨ ਧਰੋ। ਕੀ ਅਜਿਹੀਆਂ ਕੋਈ ਨਿਸ਼ਾਨੀਆਂ ਹਨ ਕਿ ਕਿਸੇ ਇੱਕ ਬੱਚੇ ਨੂੰ ਉਸ ਦਾ ਕੋਈ ਭੈਣ-ਭਰਾ ਦਬਾਅ ਰਿਹਾ ਹੈ।

ਦਾਦਾਗਿਰੀ ਵਾਲਾ ਰਵੱਈਆ ਬੱਚੇ ਜਾਂ ਟੀਨੇਜਰ ਦੀ ਜ਼ਿੰਦਗੀ ਵਿੱਚ ਇੱਕ ਲੰਮੇ ਅਰਸੇ ਦੌਰਾਨ ਅਹਿਮ ਤਬਦੀਲੀਆਂ, ਨੁਕਸਾਨਾਂ ਜਾਂ ਪਰੇਸ਼ਾਨੀਆਂ ਦੇ ਨਤੀਜੇ ਵਜੋਂ ਆ ਸਕਦਾ ਹੈ। ਕੀ ਤੁਹਾਡੇ ਕਿਸੇ ਬੱਚੇ ਨੂੰ ਪਿੱਛੇ ਜਿਹੇ ਕੋਈ ਇਸ ਤਰ੍ਹਾਂ ਦਾ ਤਜਰਬਾ ਹੋਇਆ ਹੈ?

ਇਸ ਬਾਰੇ ਗੌਰ ਕਰੋ ਕਿ ਤੁਹਾਡੇ ਘਰ ਵਿੱਚ ਮੁਸ਼ਕਲਾਂ ਅਤੇ ਝਗੜਿਆਂ ਦਾ ਹੱਲ ਕਿਵੇਂ ਕੀਤਾ ਜਾਂਦਾ ਹੈ। ਕੀ ਤੁਸੀਂ ਮੁੱਦਿਆਂ ਨੂੰ ਇੱਕ ਪਰਿਵਾਰ ਦੇ ਤੌਰ ਤੇ ਗੱਲ-ਬਾਤ ਰਾਹੀਂ ਸੁਲਝਾ ਲੈਂਦੇ ਹੋ? ਧੱਕੜ ਰਵੱਈਏ ਨੂੰ ਵਰਜਣ ਦਾ ਇੱਕ ਅਹਿਮ ਤਰੀਕਾ ਖੁਦ ਇੱਕ ਮਿਸਾਲ ਬਣ ਕੇ ਬੱਚਿਆਂ ਨੂੰ ਦਿਖਾਉਣਾ ਹੈ ਕਿ ਬਿਨਾ ਤਸ਼ੱਦਦ ਦੇ ਜਾਂ ਗੁੱਸੈਲ ਹੋਣ ਦੇ ਮੁਸ਼ਕਲਾਂ ਦੇ ਹੱਲ ਕਿਵੇਂ ਕਰਨੇ ਹਨ।

ਆਪਣੇ ਬੱਚਿਆਂ ਨੂੰ ਇਹ ਦੱਸਣਾ ਅਹਿਮ ਹੈ ਕਿ ਧੱਕੇਸ਼ਾਹੀ ਕੀ ਹੁੰਦੀ ਹੈ। ਤੁਹਾਨੂੰ ਵੱਖੋ ਵੱਖਰੀ ਕਿਸਮ ਦੀ ਧੱਕੇਸ਼ਾਹੀ ਬਾਰੇ ਦੱਸਣਾ ਚਾਹੀਦਾ ਹੈ ਅਤੇ ਇਹ ਸਮਝਾਉਣਾ ਚਾਹੀਦਾ ਹੈ ਕਿ ਇਹ ਦੁਖਦਾਈ ਅਤੇ ਨੁਕਸਾਨਦਾਇਕ ਹੁੰਦੀ ਹੈ। ਆਪਣੇ ਬੱਚੇ ਨੂੰ ਜਾਨਣ ਦਿਉ ਕਿ ਧੱਕੇਸ਼ਾਹੀ ਗਲਤ ਹੈ ਅਤੇ ਕਿਸੇ ਵੀ ਹਾਲਤ ਵਿੱਚ ਸਵੀਕਾਰ ਕੀਤਾ ਜਾਣ ਵਾਲਾ ਸਲੀਕਾ ਨਹੀਂ ਹੈ।

ਆਪਣੇ ਬੱਚਿਆਂ ਨੂੰ ਸਾਫ ਲਫ਼ਜ਼ਾਂ ਵਿੱਚ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਦਾਦਾਗਿਰੀ ਗ਼ਲਤ ਗੱਲ ਹੈ।

## ਦਾਦਾਗਿਰੀ ਅਤੇ ਹੋਰ ਵਾਕਿਆਤ ਨਾਲ ਸਕੂਲ ਕਿਵੇਂ ਨਿਪਟਦੇ ਹਨ, ਇਸ ਬਾਰੇ ਕੀ ਤਬਦੀਲੀ ਆਈ ਹੈ?

ਵਿਦਿਆਰਥੀਆਂ ਨਾਲ ਵਾਸਤਾ ਰੱਖਣ ਵਾਲੇ ਸਕੂਲ ਕਰਮਚਾਰੀਆਂ ਲਈ ਸਕੂਲ ਦੇ ਮਾਹੌਲ ਉੱਤੇ ਨਾਕਾਰਾਤਮਕ ਅਸਰ ਕਰਨ ਵਾਲ਼ੇ ਕਿਸੇ ਵੀ ਨਾਮੁਨਾਸਬ ਜਾਂ ਬੇਅਦਬੀ ਵਾਲ਼ੇ ਵਤੀਰੇ ਪ੍ਰਤੀ ਕਾਰਵਾਈ ਕਰਨਾ ਲਾਜ਼ਮੀ ਹੈ। ਇਸ ਵਿੱਚ ਦਾਦਾਗਿਰੀ, ਨਸਲੀ ਜਾਂ ਜਿਨਸੀ ਟਿੱਪਣੀਆਂ ਜਾਂ ਜਾਇਦਾਦ ਦਾ ਨੁਕਸਾਨ ਸ਼ਾਮਲ ਹੈ।

ਉਨ੍ਹਾਂ ਸਾਰੇ ਵਾਕਿਆਤ ਬਾਰੇ ਸਕੂਲ ਦੇ ਕਰਮਚਾਰੀਆਂ ਲਈ ਪ੍ਰਿੰਸੀਪਲ ਨੂੰ ਇਤਲਾਹ ਦੇਣਾ ਲਾਜ਼ਮੀ ਹੁੰਦਾ ਹੈ ਜਿਨ੍ਹਾਂ ਦਾ ਨਤੀਜਾ ਮੁਅੱਤਲੀ ਹੋਵੇ, ਜਾਂ ਇਸ ਤੋਂ ਗੰਭੀਰ ਵਾਕਿਆਤ ਜਿਨ੍ਹਾਂ ਦਾ ਨਤੀਜਾ ਨਾਮ ਕੱਟਿਆ ਜਾਣਾ ਹੋਵੇ।

ਪ੍ਰਿੰਸੀਪਲਾਂ ਲਈ ਅਜਿਹੇ ਵਾਕਿਆਤ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਦੇ ਮਾਪਿਆਂ ਨਾਲ ਸੰਪਰਕ ਕਰ ਕੇ ਉਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਦੱਸਣਾ ਲਾਜ਼ਮੀ ਹੈ:

- **a)** ਉਸ ਸਰਗਰਮੀ ਦੀ ਕਿਸਮ ਜਿਸ ਨਾਲ ਵਿਦਿਆਰਥੀ ਦਾ ਨੁਕਸਾਨ ਹੋਇਆ;
- **b)** ਵਿਦਿਆਰਥੀ ਦਾ ਕੀ ਨੁਕਸਾਨ ਹੋਇਆ; ਅਤੇ
- **c)** ਵਿਦਿਆਰਥੀ ਦੀ ਹਿਫਾਜ਼ਤ ਲਈ ਚੁੱਕੇ ਜਾ ਸਕਣ ਵਾਲ਼ੇ ਕਦਮ, ਸਮੇਤ ਇਸ ਸਰਗਰਮੀ ਦੇ ਜਵਾਬ ਵਜੋਂ ਚੁੱਕੇ ਗਏ ਕੋਈ ਵੀ ਅਨੁਸ਼ਾਸਨਿਕ ਕਦਮਾਂ ਦੇ।

ਸਕੂਲ ਵਿੱਚ ਵਾਪਰਦੀਆਂ ਘਟਨਾਵਾਂ ਨਾਲ ਕਰਮਚਾਰੀ ਕਿਵੇਂ ਨਿਪਟਦੇ ਹਨ, ਇਸ ਬਾਰੇ ਵਧੇਰੇ ਜਾਣਕਾਰੀ ਲਈ ਮਨਿਸਟਰੀ ਦੀ ਵੈੱਬਸਾਈਟ ਉੱਤੇ **www.ontario.ca/safeschools** ਵਿਖੇ "Reporting and Responding" (ਇਤਲਾਹ ਦੇਣਾ ਅਤੇ ਕਾਰਵਾਈ ਕਰਨਾ) ਭਾਗ ਵੇਖੋ ਜਾਂ ਜੇ ਤੁਸੀਂ ਸਕੂਲ ਰਾਹੀਂ ਉਪਲਬਧ ਸਹੂਲਤਾਂ ਬਾਰੇ ਹੋਰ ਜਾਣਨਾ ਚਾਹੁੰਦੇ ਹੋਵੋਂ ਤਾਂ ਪ੍ਰਿੰਸੀਪਲ ਨਾਲ ਗੱਲ ਕਰੋ। ।

## ਕੀ ਮੁੰਡੇ ਅਤੇ ਕੁੜੀਆਂ ਇੱਕ ਹੀ ਤਰੀਕੇ ਨਾਲ ਦਾਦਾਗਿਰੀ ਕਰਦੇ ਹਨ?

ਮੁੰਡੇ ਅਤੇ ਕੁੜੀਆਂ, ਦੋਵੇਂ ਹੀ ਬਦਮਾਸ਼ ਹੋ ਸਕਦੇ ਹਨ। ਮੁੰਡਿਆਂ ਵਿੱਚ ਸਰੀਰਕ ਜ਼ੋਰ ਨਾਲ ਦਾਦਾਗਿਰੀ ਕਰਨ ਦਾ ਰੁਝਾਨ ਹੁੰਦਾ ਹੈ ਜਦੋਂ ਕਿ ਕੁੜੀਆਂ ਆਮ ਤੌਰ ਤੇ ਟੇਢੇ ਤਰੀਕੇ ਵਰਤਦੀਆਂ ਹਨ, ਜਿਵੇਂ ਹਮਜਮਾਤੀਆਂ ਬਾਰੇ ਗ਼ਲਤ-ਬਿਆਨੀ ਕਰਨੀ, ਜਾਂ ਉਨ੍ਹਾਂ ਨੂੰ ਸਰਗਰਮੀਆਂ ਜਾਂ ਗਰੁੱਪਾਂ ਵਿੱਚੋਂ ਬੇਦਖ਼ਲ ਕਰਨਾ।

ਮੁੰਡਿਆਂ ਨਾਲ ਆਮ ਤੌਰ ਤੇ ਮੁੰਡੇ ਦਾਦਾਗਿਰੀ ਕਰਦੇ ਹਨ ਜਦੋਂ ਕਿ ਕੁੜੀਆਂ ਨਾਲ ਮੁੰਡੇ ਅਤੇ ਕੁੜੀਆਂ ਦੋਵੇਂ ਹੀ ਦਾਦਾਗਿਰੀ ਕਰਦੇ ਹਨ। ਭਾਵੇਂ ਦਾਦਾਗਿਰੀ ਕਿਸੇ ਵੀ ਕਿਸਮ ਦੀ ਹੋਵੇ, ਇਹ ਨਾਮਨਜ਼ੂਰ ਹੁੰਦੀ ਹੈ।



"ਜਦੋਂ ਮੈਂ ਕੋਲੋਂ ਦੀ ਲੰਘਾਂ ਤਾਂ ਉਹ ਘੁਸਰ-ਮੁਸਰ ਕਰਦੇ ਨੇ। ...ਮੇਰੀਆਂ ਸਹੇਲੀਆਂ ਨੂੰ ਕਿਹਾ ਹੈ ਕਿ ਅੱਗੇ ਤੋਂ ਮੇਰੇ ਨਾਲ ਗੱਲ ਨਾ ਕਰਨ।"

## ਜੇ ਮੇਰੇ ਬੱਚੇ ਨਾਲ ਦਾਦਾਗਿਰੀ ਹੋ ਰਹੀ ਹੋਵੇ ਤਾਂ ਮੈਂ ਸਕੂਲ ਤੋਂ ਕੀ ਆਸ ਰੱਖਾਂ?

- ਤੁਸੀਂ ਉਮੀਦ ਕਰ ਸਕਦੇ ਹੋ ਕਿ ਜੇ ਕਰਮਚਾਰੀਆਂ ਨੂੰ ਪਤਾ ਹੋਵੇ ਕਿ ਤੁਹਾਡੇ ਬੱਚੇ ਨਾਲ ਦਾਦਾਗਿਰੀ ਕੀਤੀ ਜਾ ਰਹੀ ਹੈ ਤਾਂ ਸਕੂਲ ਵੱਲੋਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ।
- ਤੁਹਾਡੇ ਬੱਚੇ ਦਾ ਅਧਿਆਪਕ ਜਾਂ ਕੋਈ ਅਜਿਹਾ ਅਧਿਆਪਕ ਜਿਸ ਤੇ ਉਹ ਵਿਸ਼ਵਾਸ ਕਰਦਾ ਹੋਵੇ, ਮੁਸ਼ਕਲ ਦਾ ਹੱਲ ਕਰ ਸਕਦਾ ਹੈ ਜਾਂ ਸੁਝਾਅ ਸਕਦਾ ਹੈ ਕਿ ਤੁਹਾਡੇ ਬੱਚੇ ਨੂੰ ਕਿਸ ਤਰ੍ਹਾਂ ਦੀ ਮਦਦ ਦੀ ਲੋੜ ਹੈ। ਕਈ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਨੂੰ ਦਾਦਾਗਿਰੀ ਰੋਕਣ ਲਈ ਸਿਖਲਾਈ ਦਿੱਤੀ ਗਈ ਹੈ।
- ਜੇ ਤੁਸੀਂ ਸਕੂਲ ਰਾਹੀਂ ਮਿਲ ਸਕਣ ਵਾਲੀਆਂ ਸੇਵਾਵਾਂ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ, ਤੁਸੀਂ ਪ੍ਰਿੰਸੀਪਲ ਨਾਲ ਵੀ ਗੱਲ ਕਰ ਸਕਦੇ ਹੋ।
- ਚਸਕੂਲ ਦੇ ਦਾਦਾਗਿਰੀ ਰੋਕਣ ਦੇ ਪ੍ਰੋਗਰਾਮ ਦੇ ਹਿੱਸੇ ਵਜੋਂ ਅਧਿਆਪਕਾਂ ਨੂੰ ਕਲਾਸ ਵਿੱਚ ਦਾਦਾਗਿਰੀ ਬਾਰੇ ਖੁੱਲ੍ਹ ਕੇ ਵਿਚਾਰ ਕਰਨੀ ਚਾਹੀਦੀ ਹੈ ਅਤੇ ਵਿਦਿਆਰਥੀਆਂ ਨੂੰ ਸਤਿਕਾਰ, ਦੂਜਿਆਂ ਦੇ ਜਜ਼ਬਾਤ ਦਾ ਧਿਆਨ ਰੱਖਣ, ਅਤੇ ਦੋਸਤੀ ਤੇ ਸਮੁੱਚਤਾ ਦੀ ਅਹਿਮੀਅਤ ਸਮਝਣ ਵਿੱਚ ਮਦਦ ਕਰਨੀ ਚਾਹੀਦੀ ਹੈ।
- ਆਪਣੇ ਸਕੂਲ ਦਾ code of conduct (ਵਰਤਾਰੇ ਦਾ ਜ਼ਾਬਤਾ), ਜਿਸ ਵਿੱਚ ਤੈਅ ਕੀਤਾ ਹੁੰਦਾ ਹੈ ਕਿ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੀ ਕਮਿਊਨਿਟੀ ਦੇ ਹੋਰ ਮੈਂਬਰਾਂ ਨੇ ਇੱਕ ਦੂਜੇ ਨਾਲ ਕਿਵੇਂ ਪੇਸ਼ ਆਉਣਾ ਹੈ, ਵੇਖਣ ਦੀ ਬੇਨਤੀ ਕਰੋ।
- ਦਾਦਾਗਿਰੀ ਰੋਕਣ ਦੀ ਸਕੂਲ ਬੋਰਡ ਦੀ ਨੀਤੀ, ਅਤੇ ਸਕੂਲ ਦੀ ਦਾਦਾਗਿਰੀ ਰੋਕਣ ਦੀ ਵਿਉਂਤ ਵੇਖਣ ਲਈ ਬੇਨਤੀ ਕਰੋ। ਇਨ੍ਹਾਂ ਦਸਤਾਵੇਜ਼ਾਂ ਵਿੱਚ ਇਹ ਬਿਆਨ ਕੀਤਾ ਹੁੰਦਾ ਹੈ ਕਿ ਸਕੂਲ ਦੇ ਕਰਮਚਾਰੀ ਸਮੱਸਿਆ ਦੇ ਹੱਲ ਲਈ ਕੀ ਕਰ ਸਕਦੇ ਹਨ।
- ਸਕੂਲ ਦੇ ਕਰਮਚਾਰੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੀ ਭੇਤਦਾਰੀ ਬਰਕਰਾਰ ਰੱਖਦਿਆਂ ਤੁਹਾਡੇ ਤੌਖਲਿਆਂ ਦੀ ਛਾਣ-ਬੀਣ ਕਰਨ ਲਈ ਪੂਰੀ ਕੋਸ਼ਿਸ਼ ਕਰਨਗੇ।
- ਜੇ ਵਾਜਿਬ ਸਮਾਂ ਬੀਤ ਜਾਣ ਦੇ ਬਾਅਦ ਵੀ ਤੁਹਾਨੂੰ ਸਕੂਲ ਵੱਲੋਂ ਕੀਤੀ ਗਈ ਕਾਰਵਾਈ ਤੇ ਤਸੱਲੀ ਨਾ ਹੋਵੇ, ਤੁਸੀਂ ਸਕੂਲ ਬੋਰਡ ਦੇ ਨਿਗਰਾਨ ਅਫ਼ਸਰ ਨਾਲ ਗੱਲ ਕਰ ਸਕਦੇ ਹੋ।

## ਚਲੋ, ਘੱਟੋ-ਘੱਟ ਮੇਰਾ ਬੱਚਾ ਤਾਂ ਦਾਦਾਗਿਰੀ ਵਿੱਚ ਨਹੀਂ ਉਲਝਿਆ ਹੋਇਆ ...

ਜਦੋਂ ਦਾਦਾਗਿਰੀ ਹੁੰਦੀ ਹੈ ਤਾਂ ਹਰ ਕਿਸੇ ਤੇ ਬੁਰਾ ਅਸਰ ਪੈਂਦਾ ਹੈ, ਅਤੇ ਇਸ ਨੂੰ ਰੋਕਣ ਵਿੱਚ ਹਰ ਕੋਈ ਮਦਦ ਕਰ ਸਕਦਾ ਹੈ। ਦਾਦਾਗਿਰੀ 85 ਪ੍ਰਤੀਸ਼ਤ ਮਾਮਲਿਆਂ ਵਿੱਚ ਗਵਾਹਾਂ ਦੇ ਸਾਮ੍ਹਣੇ ਹੁੰਦੀ ਹੈ। ਤਮਾਸ਼ਬੀਨ ਆਮ ਤੌਰ ਤੇ ਵਿੱਚ ਪੈਣ ਤੋਂ ਪਰਹੇਜ਼ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਉਹ ਖੁਦ ਨਿਸ਼ਾਨਾ ਬਣ ਸਕਦੇ ਹਨ ਜਾਂ ਦਾਦਾਗਿਰੀ ਦੇ ਸ਼ਿਕਾਰ ਲਈ ਉਹ ਗੱਲ ਹੋਰ ਵਿਗਾੜ ਦੇਣਗੇ।

## ਦਾਦਾਗਿਰੀ ਦੀ ਸਮੱਸਿਆ ਕਿੰਨ੍ਹੀ ਕੁ ਗੰਭੀਰ ਹੈ?

ਦਾਦਾਗਿਰੀ ਨੂੰ ਕਦੀ ਵੀ ਸਹੀ ਨਹੀਂ ਮੰਨਿਆ ਜਾ ਸਕਦਾ। ਇਸ ਨੂੰ ਸਿਰਫ਼ "ਵੱਡੇ ਹੋਣ" ਦਾ ਹਿੱਸਾ ਨਹੀਂ ਮੰਨ ਲਿਆ ਜਾਣਾ ਚਾਹੀਦਾ। ਖੋਜ ਅਤੇ ਤਜਰਬੇ ਤੋਂ ਇਕਸਾਰ ਪਤਾ ਲੱਗਦਾ ਹੈ ਕਿ ਦਾਦਾਗਿਰੀ ਇੱਕ ਗੰਭੀਰ ਮੁੱਦਾ ਹੈ ਜਿਸ ਦੇ ਸੰਬੰਧਤ ਵਿਦਿਆਰਥੀਆਂ, ਉਨ੍ਹਾਂ ਦੇ ਪਰਿਵਾਰਾਂ ਅਤੇ ਹਾਣੀਆਂ, ਅਤੇ ਉਨ੍ਹਾਂ ਦੇ ਦੁਆਲੇ ਦੀ ਕਮਿਊਨਿਟੀ ਲਈ ਦੂਰ ਤਕ ਅਸਰ ਕਰਨ ਵਾਲੇ ਨਤੀਜੇ ਨਿਕਲਦੇ ਹਨ।

ਓਨਟੇਰੀਓ ਵਿੱਚ ਅਨੇਕਾਂ ਬੱਚੇ ਅਤੇ ਯੁਵਕ ਦਾਦਾਗਿਰੀ ਵਿੱਚ ਪਏ ਹੋਏ ਹਨ, ਜਾਂ ਤਾਂ ਦੂਜਿਆਂ ਉੱਤੇ ਦਾਦਾਗਿਰੀ ਕਰਨ ਵਾਲੇ ਕਿਸੇ ਬੱਚੇ ਵਜੋਂ, ਜਾਂ ਕਿਸੇ ਸ਼ਿਕਾਰ ਬੱਚੇ ਵਜੋਂ, ਜਾਂ ਦੋਵਾਂ ਵਜੋਂ। ਇਨ੍ਹਾ ਬੱਚਿਆਂ ਨੂੰ ਅਨੇਕਾਂ ਜਜ਼ਬਾਤੀ, ਵਤੀਰੇ ਦੀਆਂ ਅਤੇ ਰਿਸ਼ਤੇ ਪਾਲਣ ਦੀਆਂ ਸਮੱਸਿਆਵਾਂ ਦਾ ਖ਼ਤਰਾ ਰਹਿੰਦਾ ਹੈ ਅਤੇ ਤੰਦਰੁਸਤ ਰਿਸ਼ਤੇ ਉਸਾਰਨ ਲਈ ਇਨ੍ਹਾਂ ਨੂੰ ਨਾ ਕੇਵਲ ਸਕੂਲਾਂ ਵਿੱਚ ਹੀ ਬਲਕਿ ਆਪਣੀਆਂ ਜ਼ਿੰਦਗੀਆਂ ਵਿੱਚ ਵੀ ਕਿਸੇ ਨਾ ਕਿਸੇ ਬਾਲਗ਼ ਦੀ ਲੋੜ ਪੈਂਦੀ ਹੈ।

ਦਾਦਾਗਿਰੀ ਦੇ ਸ਼ਿਕਾਰ ਵਿਦਿਆਰਥੀ ਅਕਸਰ ਸਮਾਜਿਕ ਬੇਚੈਨੀ, ਇੱਕਲੇਪਣ, ਆਪਣੇ ਆਪ ਵਿੱਚ ਸਿਮਟ ਕੇ ਰਹਿ ਜਾਣ, ਸਰੀਰਕ ਰੋਗਾਂ, ਅਤੇ ਨੀਵੇਂ ਸਵੈ-ਮਾਣ ਨਾਲ ਸਿੱਝਦੇ ਹਨ। ਉਨ੍ਹਾਂ ਵਿੱਚ ਬੇਵਜ੍ਹਾ ਖੌਫ਼ ਵੀ ਪੈਦਾ ਹੋ ਸਕਦੇ ਹਨ, ਉਨ੍ਹਾਂ ਦਾ ਆਪਣਾ ਵਤੀਰਾ ਹਮਲਾਵਰ ਬਣ ਸਕਦਾ ਹੈ, ਜਾਂ ਉਹ ਦਿਲ ਛੱਡ ਸਕਦੇ ਹਨ। ਕਈ ਵਿਦਿਆਰਥੀ ਸਕੂਲ ਤੋਂ ਗੈਰ-ਹਾਜ਼ਰ ਹੋ ਸਕਦੇ ਹਨ, ਉਨ੍ਹਾਂ ਦੇ ਨੰਬਰ ਘਟ ਸਕਦੇ ਹਨ, ਜਾਂ ਉਹ ਸਕੂਲ ਜਾਣਾ ਬਿਲਕੁਲ ਬੰਦ ਹੀ ਕਰ ਸਕਦੇ ਹਨ।

ਜਿਹੜੇ ਦਾਦਾਗਿਰੀ ਕਰਦੇ ਹਨ, ਪੈਂਡਾ ਉਨ੍ਹਾਂ ਲਈ ਵੀ ਉੱਬੜ-ਖਾਬੜ ਹੋ ਜਾਂਦਾ ਹੈ। ਅਜਿਹੇ ਬੱਚੇ ਅਤੇ ਟੀਨੇਜਰ ਜਿਹੜੇ ਦੂਜਿਆਂ ਦੇ ਨੁਕਸਾਨ ਲਈ ਤਾਕਤ ਅਤੇ ਹਮਲਾਵਰ ਰਵੱਈਏ ਨੂੰ ਵਰਤਣਾ ਸ਼ੁਰੂ ਕਰ ਦਿੰਦੇ ਹਨ, ਉਹ ਸਾਧਾਰਨ ਜ਼ਿੰਦਗੀ ਵਿੱਚ ਸਹੀ ਅਤੇ ਗ਼ਲਤ ਵਿੱਚ ਨਿਖੇੜਾ ਕਰਨ ਦੀ ਪਰਵਾਹ ਕਰਨਾ ਛੱਡ ਸਕਦੇ ਹਨ। ਅੰਤ ਵਿੱਚ, ਉਹ ਬਦਸਲੂਕੀ ਕਰਨ ਵਾਲੇ ਬਾਲਗ਼ ਬਣ ਜਾਂਦੇ ਹਨ।

**ਓਨਟੇਰੀਓ ਦੇ ਸਕੂਲਾਂ ਵਿੱਚ ਲਗਭਗ ਇੱਕ-ਤਿਹਾਈ ਵਿਦਿਆਰਥੀ ਦਾਦਾਗਿਰੀ ਦਾ ਸ਼ਿਕਾਰ ਹੁੰਦੇ ਹਨ, ਅਤੇ ਇੱਕ-ਚੌਥਾਈ ਦਾ ਕਹਿਣਾ ਹੈ ਕਿ ਉਨ੍ਹਾ ਨੇ ਕਿਸੇ ਹੋਰ ਉੱਤੇ ਦਾਦਾਗਿਰੀ ਕੀਤੀ ਹੈ।**

Centre for Addiction and Mental Health (ਸੈਂਟਰ ਫ਼ਾਰ ਐਡਿਕਸ਼ਨ ਐਂਡ ਮੈਂਟਲ ਹੈਲਥ), 2009

## ਅਸੀਂ ਓਨਟੇਰੀਓ ਦੇ ਸਕੂਲਾਂ ਨੂੰ ਕਿਵੇਂ ਸੁਰੱਖਿਅਤ ਬਣਾ ਰਹੇ ਹਾਂ ?

ਜੇ ਵਿਦਿਆਰਥੀਆਂ ਨੇ ਸਕੂਲ ਵਿੱਚ ਕਾਮਯਾਬ ਹੋਣਾ ਹੈ ਤਾਂ ਸਕੂਲ ਦਾ ਇੱਕ ਸਾਕਾਰਾਤਮਕ ਵਾਤਾਵਰਣ ਅਤੇ ਸਿੱਖਿਆ ਅਤੇ ਅਧਿਆਪਨ ਦਾ ਇੱਕ ਮਹਿਫੂਜ਼ ਮਾਹੌਲ ਜ਼ਰੂਰੀ ਹਨ।

ਇਨ੍ਹਾਂ ਬਾਰੇ ਵਧੇਰੇ ਜਾਣਕਾਰੀ ਹਾਸਲ ਕਰੋ:

- **Safe Schools Strategy (ਸੁਰੱਖਿਅਤ ਸਕੂਲ ਨੀਤੀ)**
  ਇਸ ਵਿਆਪਕ ਨੀਤੀ ਵਿੱਚ ਹਰ ਸਕੂਲ ਵਿੱਚ ਇੱਕ ਸੁਰੱਖਿਅਤ ਸਕੂਲ ਟੀਮ, ਸਕੂਲ ਦੇ ਵਸੀਲੇ, ਅਧਿਆਪਕਾਂ ਅਤੇ ਪ੍ਰਿੰਸੀਪਲਾਂ ਲਈ ਸਿਖ਼ਲਾਈ, ਅਤੇ Kids Help Phone (ਕਿਡਜ਼ ਹੈਲਪ ਫ਼ੋਨ) ਨਾਲ ਭਾਈਵਾਲੀ ਸ਼ਾਮਲ ਹਨ।

- **ਅਨੁਸ਼ਾਸਨ ਪ੍ਰਤੀ ਓਨਟੇਰੀਓ ਦਾ ਵਤੀਰਾ**
  "ਅਗਾਂਹਵਧੂ ਅਨੁਸ਼ਾਸਨ" ਵਿੱਚ ਸਮੁੱਚਾ ਸਕੂਲ ਸ਼ਾਮਲ ਹੁੰਦਾ ਹੈ ਅਤੇ ਇਹ ਸਕੂਲ ਦੇ ਸਾਕਾਰਾਤਮਕ ਮਾਹੌਲ ਨੂੰ ਸਿਰਜਦਾ ਹੈ। ਇਹ ਪ੍ਰਿੰਸੀਪਲ ਨੂੰ ਵਿਦਿਆਰਥੀ ਦੇ ਨਾਮੁਨਾਸਬ ਵਤੀਰੇ ਨਾਲ ਨਿਪਟਣ ਲਈ ਸਹੀ ਨਤੀਜੇ ਚੁਣਨ ਦੇ ਕਾਬਲ ਬਣਾਉਂਦਾ ਹੈ ਅਤੇ ਸਾਕਾਰਾਤਮਕ ਵਤੀਰੇ ਨੂੰ ਹੱਲਾਸ਼ੇਰੀ ਦੇਣ ਲਈ ਅਨੇਕਾਂ ਵਿਦਿਆਰਥੀਆਂ ਨੂੰ ਅਨੇਕਾਂ ਸਹਾਰੇ ਦਿੰਦਾ ਹੈ। ਇਹ ਨੀਤੀ ਨੀਤੀ/ਪ੍ਰੋਗਰਾਮ ਮੈਮੋਰੈਂਡਮ 145 ਵਿੱਚ ਵੇਰਵੇ ਨਾਲ ਬਿਆਨ ਕੀਤੀ ਗਈ ਹੈ।

- **Code of conduct**
  Code of conduct (ਵਰਤਾਰੇ ਦਾ ਜ਼ਾਬਤਾ) ਸਕੂਲੀ ਕਮਿਊਨਿਟੀ ਵਿਚਲੇ ਹਰ ਵਿਅਕਤੀਆਂ ਦੀਆਂ ਜ਼ਿੰਮੇਵਾਰੀਆਂ ਬਿਆਨਦਾ ਹੈ ਜਿਸ ਵਿੱਚ ਵਿਦਿਆਰਥੀ, ਮਾਪੇ, ਸਕੂਲ ਦੇ ਕਰਮਚਾਰੀ ਅਤੇ ਕਮਿਊਨਿਟੀ ਦੇ ਭਾਈਵਾਲ ਸ਼ਾਮਲ ਹੁੰਦੇ ਹਨ।

- **ਦਾਦਾਗਿਰੀ ਦੀ ਰੋਕਥਾਮ ਅਤੇ ਮੁਦਾਖ਼ਲਤ**
  ਨੀਤੀ/ਪ੍ਰੋਗਰਾਮ ਮੈਮੋਰੈਂਡਮ 144 ਦਾਦਾਗਿਰੀ ਦੀ ਰੋਕਥਾਮ ਅਤੇ ਮੁਦਾਖ਼ਲਤ ਦੀਆਂ ਨੀਤੀਆਂ ਵਿਕਸਤ ਕਰਨ ਅਤੇ ਲਾਗੂ ਕਰਨ ਸੰਬੰਧੀ ਸਕੂਲ ਬੋਰਡਾਂ ਤੋਂ ਕੀਤੀਆਂ ਜਾਣ ਵਾਲੀਆਂ ਉਮੀਦਾਂ ਦੀ ਰੂਪ-ਰੇਖਾ ਦੱਸਦਾ ਹੈ।

- **ਦਾਦਾਗਿਰੀ ਬਾਰੇ ਜਾਗ੍ਰਿਤੀ ਅਤੇ ਰੋਕ-ਥਾਮ ਦਾ ਹਫ਼ਤਾ**
  ਓਨਟੇਰੀਓ ਨੇ ਸਕੂਲਾਂ ਨੂੰ ਇਸ ਮੁੱਦੇ ਉੱਤੇ ਧਿਆਨ ਕੇਂਦ੍ਰਿਤ ਕਰਨ ਅਤੇ ਸਿੱਖਿਆ ਦਾ ਇੱਕ ਵਧੇਰੇ ਸੁਰੱਖਿਅਤ ਮਾਹੌਲ ਪ੍ਰਫੁੱਲਤ ਕਰਨ ਵਿੱਚ ਮਦਦ ਦੇਣ ਲਈ ਹਰ ਨਵੰਬਰ ਦਾ ਤੀਜਾ ਹਫ਼ਤਾ ਤੈਅ ਕੀਤਾ ਹੈ।

- **Premier's Safe Schools Awards**
  **(ਪ੍ਰੀਮੀਅਰ ਦੇ ਸੁਰੱਖਿਅਤ ਸਕੂਲ ਇਨਾਮ)**
  ਇਹ ਸਨਮਾਨ ਸੁਰੱਖਿਅਤ ਅਤੇ ਸਮੁੱਚਤਾ-ਭਰਿਆ ਮਾਹੌਲ ਸਿਰਜਣ ਲਈ ਬੇਮਿਸਾਲ ਅਤੇ ਨਵੀਨਕਾਰੀ ਕਾਰਜ ਕਰਨ ਵਾਲੀਆਂ 10 ਸੁਰੱਖਿਅਤ ਸਕੂਲ ਟੀਮਾਂ ਨੂੰ ਮਾਨਤਾ ਦਿੰਦਾਹੈ।

- **ਮਾਪਿਆਂ ਲਈ ਸਕੂਲੀ ਮਾਹੌਲ ਦਾ ਸਰਵੇਖਣ**
  ਇਹ ਸਰਵੇਖਣ 22 ਬੋਲੀਆਂ ਵਿੱਚ ਉਪਲਬਧ ਹੈ
  **www.edu.gov.on.ca/eng/safeschools/climate.html**

- **Kids Help Phone (ਕਿਡਜ਼ ਹੈਲਪ ਫ਼ੋਨ)**
  ਭੇਤਦਾਰੀ ਵਾਲ਼ੀ ਇਹ ਕੌਂਸਲਿੰਗ ਸੇਵਾ 24 ਘੰਟੇ, ਸੱਤੇ ਦਿਨ ਉਪਲਬਧ ਹੈ।
  **www.kidshelpphone.ca** ਵੇਖੋ ਜਾਂ ਫ਼ੋਨ ਕਰੋ **1-800-668-6868**

## ਇਸ ਪਰਚੇ ਦੀਆਂ ਹੋਰ ਕਾਪੀਆਂ ਚਾਹੀਦੀਆਂ ਹਨ?

ਇਹ 22 ਬੋਲੀਆਂ ਵਿੱਚ ਉਪਲਬਧ ਹੈ। ਇਸ ਨੂੰ ਹੇਠਾਂ ਦਰਜ ਸੁਰੱਖਿਅਤ ਸਕੂਲਾਂ ਦੀ ਵੈੱਬਸਾਈਟ 'ਤੇ ਵੇਖੋ ਜਾਂ

***www.serviceontario.ca/publications***

ਵਿਖੇ Service Ontario Publications (ਸਰਵਿਸ ਓਨਟੇਰੀਓ ਪਬਲੀਕੇਸ਼ਨਜ਼) ਤੋਂ ਮੰਗਵਾਓ।

## ਵਧੇਰੇ ਜਾਣਕਾਰੀ ਲਈ ਵੇਖੋ:

***www.ontario.ca/safeschools***

ਮੁੜਵਰਤੇ ਕਾਗਜ਼ 'ਤੇ ਛਾਪਿਆ ਗਿਆ

© Queen's Printer for Ontario, 2011

Punjabi

ISBN 978-1-4249-9163-1 (Print)
ISBN 978-1-4249-9164-8 (PDF)